ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ,

[illegible]

[illegible]

202520932

ਸੇਵਾ

(ਈ-ਮੇਲ ਰਾਹੀਂ)

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ),
ਸਮੂਹ ਜ਼ਿਲ੍ਹਾ ਪ੍ਰੀਖਿਆ ਨੋਡਲ ਅਫਸਰ,
ਪੰਜਾਬ।

ਮੀਮੋ ਨੰਬਰ : E- 779362/50 ਮਿਤੀ : ਐਸ.ਏ.ਐਸ.ਨਗਰ,:23.01.2025

ਵਿਸ਼ਾ: NMMS ਅਤੇ PSTSE (ਜਮਾਤ 8ਵੀਂ) ਦੀ ਸਾਂਝੀ ਵਜ਼ੀਫਾ ਪ੍ਰੀਖਿਆ-2024 ਤੇ PSTSE-2024 (ਜਮਾਤ 10ਵੀਂ) ਵਜ਼ੀਫਾ ਪ੍ਰੀਖਿਆਵਾਂ ਸੰਬੰਧੀ ।

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 NMMS ਤੇ PSTSE-2024(ਕਲਾਸ ਅੱਠਵੀਂ) ਦੀ ਸਾਂਝੀ ਵਜ਼ੀਫਾ ਪ੍ਰੀਖਿਆ ਤੇ PSTSE -2024 (ਜਮਾਤ 10ਵੀਂ) ਪ੍ਰੀਖਿਆਵਾਂ ਮਿਤੀ 02.02.2025 ਦਿਨ ਐਤਵਾਰ ਸਮਾਂ ਸਵੇਰੇ 10:00 ਵਜੇ ਤੋਂ ਦੁਪਹਿਰ 01:00 ਵਜੇ ਤੱਕ ਕਰਵਾਈ ਜਾਣੀ ਹੈ।

3.0 ਇਸ ਪ੍ਰੀਖਿਆ ਲਈ ਰਜਿਸਟਰ ਹੋਏ ਪ੍ਰੀਖਿਆਰਥੀਆਂ ਦੇ ਰੋਲ ਨੰਬਰ ਸਕੂਲਾਂ ਵੱਲੋਂ ਆਪਣੇ ਪੱਧਰ ਤੇ ਸਕੂਲ ਲਾਗ-ਇੰਨ ਆਈ-ਡੀ ਤੇ ਲਾਗ-ਇੰਨ ਕਰਕੇ ਮਿਤੀ 24.01.2025 ਤੋ ਡਾਊਨਲੋਡ ਕੀਤੇ ਜਾ ਸਕਦੇ ਹਨ।ਇਸ ਸੰਬੰਧੀ ਲਿੰਕ ਈ-ਪੰਜਾਬ ਸਕੂਲ ਪੋਰਟਲ ਤੇ ਲਾਈਵ ਕਰ ਦਿੱਤਾ ਗਿਆ ਹੈ।ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਇਹ ਰੋਲ ਨੰਬਰ ਡਾਊਨਲੋਡ ਕਰਕੇ ਪ੍ਰੀਖਿਆਰਥੀਆਂ ਨੂੰ ਦਿੱਤੇ ਜਾਣ ਅਤੇ ਪ੍ਰੀਖਿਆ ਵਿੱਚ ਪ੍ਰੀਖਿਆਰਥੀਆਂ ਦੀ 100% ਹਾਜ਼ਰੀ ਯਕੀਨੀ ਬਣਾਈ ਜਾਵੇ।

4.0 ਪ੍ਰੀਖਿਆਰਥੀਆਂ ਦੀ ਹਾਜ਼ਰੀ ਸੀਟ ਅਤੇ ਪ੍ਰੀਖਿਆ ਨਾਲ ਸੰਬੰਧਿਤ ਕੁੱਝ ਹਦਾਇਤਾਂ ਅਤੇ ਪ੍ਰਫਾਰਮੇ (ਨਾਲ ਨੱਥੀ) ਆਪ ਜੀ ਨੂੰ ਭੇਜੇ ਜਾ ਰਹੇ ਹਨ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਹਾਜ਼ਰੀ ਸੀਟ, ਹਦਾਇਤਾਂ ਅਤੇ ਪ੍ਰਫਾਰਮੇ ਆਪਣੇ ਜ਼ਿਲੇ ਦੇ ਸੰਬੰਧਿਤ ਪ੍ਰੀਖਿਆ ਕੇਂਦਰਾਂ ਨੂੰ ਭੇਜੇ ਜਾਣ।

5.0 ਪ੍ਰੀਖਿਆ ਵਿੱਚ ਲਗਾਏ ਨਿਗਰਾਨ ਅਮਲੇ ਦੀ ਡਿਊਟੀ ਉਸ ਪ੍ਰੀਖਿਆ ਕੇਂਦਰ ਵਿੱਚ ਨਾ ਲਗਾਈ ਜਾਵੇ ਜਿੱਥੇ ਉਹ ਸੇਵਾਵਾਂ ਨਿਭਾ ਰਿਹਾ ਹੈ।

ਨੱਥੀ : ਰਜਿਸਟਰ ਹੋਏ ਪ੍ਰੀਖਿਆਰਥੀਆਂ ਦੀ ਹਾਜ਼ਰੀ ਸ਼ੀਟ,ਪ੍ਰੀਖਿਆ ਨਾਲ ਸੰਬੰਧਿਤ ਹਦਾਇਤਾਂ ਅਤੇ ਪ੍ਰਫਾਰਮੇ।

ਅਮਨਿੰਦਰ ਕੋਰ, ਪੀ.ਸੀ.ਐਸ
ਡਾਇਰੈਕਟਰ, ਐਸ.ਸੀ.ਈ.ਆਰ.ਟੀ.ਪੰਜਾਬ

ਪਿੱਠ ਅੰਕਣ ਨੰ /ਉਕਤ ਮਿਤੀ: 23.01.2025

ਉਪਰੋਕਤ ਦਾ ਉਤਾਰਾ ਪੀ.ਏ ਟੂ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:--

ਸੁਪਰਡੰਟ (ਪ੍ਰੀਖਿਆ)
ਐਸ.ਸੀ.ਈ.ਆਰ.ਟੀ. ਪੰਜਾਬ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ/ਸਿ) ਪਟਿਆਲਾ
ਪਿੱਠ ਅੰਕਣ ਨੰ ਸ-6/ 2025/ ਮਿਤੀ 27/1/2025

ਉਪਰੋਕਤ ਅਨੁਸਾਰ ਵਿਸ਼ਾ ਸਬੰਧੀ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਕਿ NMMS ਅਤੇ PSTSE ਦੀ ਸਾਂਝੀ ਪ੍ਰੀਖਿਆ 02.02.2025 ਦਿਨ ਐਤਵਾਰ ਸਮਾਂ ਸਵੇਰੇ 10.00 ਵਜੇ ਤੋਂ ਦੁਪਹਿਰ 1.00 ਵਜੇ ਤੱਕ ਕਰਵਾਈ ਜਾਣੀ ਹੈ। ਰਜਿਸਟਰ ਹੋਏ ਪ੍ਰੀਖਿਆਰਥੀਆਂ ਦੀ ਹਾਜ਼ਰੀ ਸੀਟ, ਪ੍ਰੀਖਿਆ ਨਾਲ ਸਬੰਧਿਤ ਹਦਾਇਤਾਂ ਅਤੇ ਪ੍ਰਫਾਰਮੇ ਨਾਲ ਭੇਜੇ ਜਾਂਦੇ

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ/ਸਿ)
ਪਟਿਆਲਾ
27/1/25

**PSTSE /NMMS ਦੀ ਸਾਂਝੀ ਵਜ਼ੀਫਾ ਪ੍ਰੀਖਿਆ (ਜਮਾਤ ੮ਵੀਂ) - 2024 ਤੇ PSTSE (ਜਮਾਤ 10ਵੀਂ) -2024 ਵਜ਼ੀਫਾ ਪ੍ਰੀਖਿਆ ਮਿਤੀ 02.02.2025**

**ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਲਈ ਹਦਾਇਤਾਂ**

1. ਪ੍ਰੀਖਿਆ ਦੌਰਾਨ ਆਪ ਜੀ ਵੱਲੋਂ ਆਪਣੇ ਜਿਲ੍ਹੇ ਦੇ ਪ੍ਰੀਖਿਆ ਕੇਂਦਰਾਂ ਦਾ ਨਿਰੀਖਣ ਕਰਨਾ ਯਕੀਨੀ ਬਣਾਇਆ ਜਾਵੇ।।
2. ਪ੍ਰੀਖਿਆ ਦੇ ਸਮੁੱਚੇ ਪ੍ਰਬੰਧ ਦੀ ਜ਼ਿੰਮੇਵਾਰੀ ਆਪ ਦੀ ਹੋਵੇਗੀ।
3. NMMS & PSTSE-2024 (ਜਮਾਤ ੮ਵੀਂ) ਤੇ PSTSE-2024 (ਜਮਾਤ 10ਵੀਂ) ਵਜ਼ੀਫਾ ਪ੍ਰੀਖਿਆ ਦਾ ਸਮਾਂ ਸਵੇਰੇ 10:00 ਵਜੇ ਤੋਂ ਦੁਪਹਿਰ 01:00 ਵਜੇ (3 ਘੰਟੇ) ਦਾ ਹੈ। Physically Handicap ਪ੍ਰੀਖਿਆਰਥੀਆਂ ਨੂੰ ਅੱਧੇ ਘੰਟੇ ਦਾ ਵਾਧੂ ਸਮਾਂ ਦਿੱਤਾ ਜਾਵੇ।
4. ਪ੍ਰੀਖਿਆ ਕੇਂਦਰ ਵਿੱਚ ਪ੍ਰੀਖਿਆਰਥੀਆਂ ਦੇ ਬੈਠਣ, ਬਿਜਲੀ, ਪਾਣੀ, ਸੈਨੀਟਾਇਜ਼ਰ ਆਦਿ ਦਾ ਉਚਿਤ ਪ੍ਰਬੰਧ ਕੀਤਾ ਜਾਵੇ।
5. ਕੇਂਦਰ ਵਿੱਚ ਪ੍ਰਾਪਤ ਕੁੱਲ ਪ੍ਰਸ਼ਨ ਪੱਤਰ/ਉੱਤਰ ਪੱਤਰੀਆਂ/ ਵਿਦਿਆਰਥੀਆਂ ਨੂੰ ਵੰਡੇ ਗਏ ਪ੍ਰਸ਼ਨ ਪੱਤਰ/ਉੱਤਰ ਪੱਤਰੀਆਂ ਅਤੇ ਬਕਾਇਆ ਪ੍ਰਸ਼ਨ ਪੱਤਰਾਂ/ਉੱਤਰ ਪੱਤਰੀਆਂ ਦੀ ਗਿਣਤੀ ਜਰੂਰ ਕਰਵਾਈ ਜਾਵੇ।
6. ਇਹ ਧਿਆਨ ਰੱਖਿਆ ਜਾਵੇ ਕਿ ਕੇਂਦਰ ਸੁਪਰਡੈਂਟ ਅਤੇ ਨਿਗਰਾਨ ਅਮਲਾ ਉਨ੍ਹਾਂ ਨੂੰ ਦਿੱਤੀਆਂ ਹਦਾਇਤਾਂ ਦੀ ਠੀਕ ਪਾਲਣਾ ਕਰ ਰਹੇ ਹਨ।
7. ਪ੍ਰੀਖਿਆ ਅਮਲਾ ਨਿਯੁਕਤ ਕਰਨ ਸਬੰਧੀ ਹਦਾਇਤਾਂ

| | | |
|---|---|---|
| ਕੇਂਦਰ ਕੰਟਰੋਲਰ | : | ਪ੍ਰੀਖਿਆ ਕੇਂਦਰ ਦਾ ਸਕੂਲ ਮੁੱਖੀ/ ਪ੍ਰਿੰਸੀਪਲ |
| ਕੇਂਦਰ ਸੁਪਰਡੈਂਟ | : | ਲੈਕਚਰਾਰ ਕਾਡਰ ਵਿੱਚੋਂ |
| ਡਿਪਟੀ ਸੁਪਰਡੈਂਟ | : | ਲੈਕਚਰਾਰ ਕਾਡਰ ਵਿੱਚੋਂ |
| ਸਹਾਇਕ ਸੁਪਰਡੈਂਟ | : | ਸਬੰਧਤ ਪ੍ਰੀਖਿਆ ਕੇਂਦਰ ਦਾ ਕਲਰਕ |
| ਨਿਗਰਾਨ | : | ਮਾਸਟਰ/ਮਿਸਟ੍ਰੈਸ ਕਾਡਰ ਵਿੱਚੋਂ |
| ਚੌਕੀਦਾਰ | | ਪ੍ਰੀਖਿਆ ਕੇਂਦਰ ਵਾਲੇ ਸਕੂਲ ਵਿੱਚ ਨਿਯੁੱਕਤ/ਕਿਸੇ ਹੋਰ ਸਕੂਲ ਵਿੱਚ ਨਿਯੁੱਕਤ ਕਰਮਚਾਰੀ |
| ਸਫਾਈ ਸੇਵਕ | | ਪ੍ਰੀਖਿਆ ਕੇਂਦਰ ਵਾਲੇ ਸਕੂਲ ਵਿੱਚ ਨਿਯੁੱਕਤ/ਕਿਸੇ ਹੋਰ ਸਕੂਲ ਵਿੱਚ ਨਿਯੁੱਕਤ ਕਰਮਚਾਰੀ |
| ਪਾਣੀ ਪਿਲਾਉਣ ਵਾਲਾ | | ਪ੍ਰੀਖਿਆ ਕੇਂਦਰ ਵਾਲੇ ਸਕੂਲ ਵਿੱਚ ਨਿਯੁੱਕਤ/ਕਿਸੇ ਹੋਰ ਸਕੂਲ ਵਿੱਚ ਨਿਯੁੱਕਤ ਕਰਮਚਾਰੀ |
| ਦਫ਼ਤਰੀ | | ਪ੍ਰੀਖਿਆ ਕੇਂਦਰ ਵਾਲੇ ਸਕੂਲ ਵਿੱਚ ਨਿਯੁੱਕਤ/ਕਿਸੇ ਹੋਰ ਸਕੂਲ ਵਿੱਚ ਨਿਯੁੱਕਤ ਕਰਮਚਾਰੀ |

ਸੁਪਰਡੈਂਟ(ਪ੍ਰੀਖਿਆ)
ਐਸ.ਸੀ.ਈ.ਆਰ.ਟੀ, ਪੰਜਾਬ।

NMMS (ਜਮਾਤ 8ਵੀਂ)-2024 ਦੀ ਮਾਨੀ ਵਜ਼ੀਫਾ ਪ੍ਰੀਖਿਆ ਤੇ PSTSE (ਜਮਾਤ 10ਵੀਂ) -2024 ਵਜ਼ੀਫਾ
ਮਿਤੀ 02.02.2025

## ਪ੍ਰਿੰਸੀਪਲ/ਕੇਂਦਰ ਸੁਪਰਡੈਂਟ ਅਤੇ ਕਲਰਕ ਲਈ ਹਦਾਇਤਾਂ

1. SC/BC ਜਾਂ ਦਿਵਿਆਂਗ ਸ਼੍ਰੇਣੀ ਵਾਲੇ ਵਿਦਿਆਰਥੀ ਜੇਕਰ ਰਿਜ਼ਰਵੇਸ਼ਨ ਨਾਲ ਸੰਬੰਧਿਤ ਸਰਟੀਫਿਕੇਟ ਜਮ੍ਹਾਂ ਕਰਦੇ ਹਨ, ਤਾਂ ਉਹ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।
2. ਨੇਕ ਨੀਤੀ ਵਾਲੇ ਕਰਮਚਾਰੀ ਨੂੰ ਨਿਗਰਾਨ ਨਿਯੁਕਤ ਕੀਤਾ ਜਾਵੇ ਤਾਂ ਕਿ ਪ੍ਰੀਖਿਆ ਦੇ ਸੁਚਾਰੂ ਸੰਚਾਲਨ ਵਿੱਚ ਸਹਾਈ ਹੋ ਸਕੇ।
3. ਕੇਂਦਰ ਸੁਪਰਡੈਂਟ ਨੇ ਇਹ ਗੱਲ ਧਿਆਨ ਵਿੱਚ ਰੱਖਣੀ ਹੈ ਕਿ ਪ੍ਰੀਖਿਆ ਕੇਂਦਰ ਵਿੱਚ ਕੋਈ ਇਹੋ ਜਿਹਾ ਕਰਮਚਾਰੀ (ਨਿਗਰਾਨ) ਨਿਯੁਕਤ ਨਾ ਕੀਤਾ ਜਾਵੇ, ਜਿਸ ਦਾ ਕੋਈ ਰਿਸ਼ਤੇਦਾਰ ਇਸ ਪ੍ਰੀਖਿਆ ਕੇਂਦਰ ਵਿੱਚ ਉਪਰੋਕਤ ਪ੍ਰੀਖਿਆਵਾਂ ਦੇ ਰਿਹਾ ਹੋਵੇ। ਇਸ ਸਬੰਧੀ ਕਰਮਚਾਰੀ ਤੋਂ ਸਰਟੀਫਿਕੇਟ ਲਿਆ ਜਾਵੇ।
4. ਵਿਦਿਆਰਥੀਆਂ ਦੀ ਗਿਣਤੀ 350 ਤੋਂ ਵੱਧ ਜਾਣ ਤੇ ਦੂਸਰਾ ਡਿਪਟੀ ਸੁਪਰਡੈਂਟ ਨਿਯੁਕਤ ਕੀਤਾ ਜਾ ਸਕਦਾ ਹੈ।ਪ੍ਰੀਖਿਆ ਕੇਂਦਰ ਵਿੱਚ ਲੜਕੀਆਂ ਦੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਇਸਤਰੀ ਨਿਗਰਾਨ ਦੀ ਨਿਯੁਕਤੀ ਜਰੂਰ ਕੀਤੀ ਜਾਵੇ।
5. ਪ੍ਰਸ਼ਨ ਪੱਤਰ ਦੇ ਲਿਫਾਫੇ ਖੋਲਣ ਤੋਂ ਪਹਿਲਾਂ ਉਸ ਦੀਆਂ ਸੀਲ ਬੰਦ ਮੋਹਰਾਂ ਚੰਗੀ ਤਰ੍ਹਾਂ ਘੋਖ ਲਈਆਂ ਜਾਣ ਅਤੇ ਤਿੰਨ ਨਿਗਰਾਨਾਂ ਤੋਂ ਇੱਕ ਸਰਟੀਫਿਕੇਟ ਤੇ ਹਸਤਾਖਰ ਕਰਵਾ ਲਏ ਜਾਣ ਕਿ ਲਿਫਾਫੇ ਦੀਆਂ ਸੀਲ ਬੰਦ ਮੋਹਰਾਂ ਠੀਕ ਪਾਈਆਂ ਗਈਆਂ।
6. ਕੋਈ ਵੀ ਬਾਹਰਲਾ ਵਿਅਕਤੀ ਪ੍ਰੀਖਿਆ ਹਾਲ ਦੇ ਨੇੜੇ ਨਹੀਂ ਆਉਣਾ ਚਾਹੀਦਾ।
7. ਪ੍ਰੀਖਿਆ ਕੇਂਦਰ ਵਿੱਚ ਖਰਚੇ ਸਬੰਧੀ ਮੁਕੰਮਲ ਰਸੀਦਾਂ ਪ੍ਰੀਖਿਆ ਸਮਾਪਤ ਹੋਣ ਤੇ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵਿਖੇ ਦਿੱਤੀਆਂ ਜਾਣ।
8. ਹਾਜਰੀ ਸੀਟਾਂ ਜਿਸ ਦਾ ਨਮੂਨਾ ਹੇਠਾਂ ਦਿੱਤਾ ਗਿਆ ਹੈ ਇਹ ਹਾਜਰੀ ਸ਼ੀਟਾਂ ਆਪ ਜੀ ਨੂੰ ਮੇਲ ਰਾਹੀਂ ਭੇਜੀਆਂ ਗਈਆਂ ਹਨ। ਇਸ ਹਾਜਰੀ ਸ਼ੀਟ ਵਿਚ ਕਾਲਮ ਨੰ. 1 ਤੋਂ ਕਾਲਮ ਨੰ.7 ਤੱਕ ਭਰੇ ਹੋਏ ਹੋਣਗੇ, ਵਿਦਿਆਰਥੀ ਕੇਵਲ ਓ.ਐਮ.ਆਰ. ਸੀਟ ਦਾ ਨੰਬਰ ਲਿਖੇਗਾ ਅਤੇ ਹਸਤਾਖਰ ਕਰੇਗਾ, ਜਿਸ ਨੂੰ ਨਿਗਰਾਨ ਵੱਲੋਂ ਚੈੱਕ ਕਰਨਾ ਯਕੀਨੀ ਬਣਾਇਆ ਜਾਵੇ।

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| ਲੜੀ ਨੰ: | ਵਿਦਿਆਰਥੀ ਦਾ ਰੋਲ ਨੰਬਰ | ਵਿਦਿਆਰਥੀ ਦਾ ਨਾਂ | ਪਿਤਾ ਦਾ ਨਾਂ | ਜਨਮ ਮਿਤੀ | ਜਾਤ | ਸਕੂਲ ਦਾ ਨਾਂ ਅਤੇ ਫੋਨ ਨੰਬਰ ਜਿੱਥੇ ਵਿਦਿਆਰਥੀ ਪੜ੍ਹਦਾ ਹੈ | ਓ.ਐਮ.ਆਰ ਸੀਟ ਦਾ ਨੰਬਰ | ਵਿਦਿਆਰਥੀ ਦੇ ਹਸਤਾਖਰ |

ਹਾਜਰੀ ਸ਼ੀਟਾਂ ,ਓ ਐਮ ਆਰ ਦੇ ਬੰਡਲ ਇਸ ਸੰਸਥਾ ਨੂੰ ਭੇਜੀਆਂ ਜਾਣ ਅਤੇ ਬਾਕੀ ਪ੍ਰਫਾਰਮੇ ਪ੍ਰੀਖਿਆ ਦੀ ਸਮਾਪਤੀ ਦੇ ਤੁਰੰਤ ਬਾਅਦ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵਿਖੇ ਭੇਜੇ ਜਾਣ।

9. ਸੁਪਰਡੈਂਟ ਵੱਲੋਂ ਨਿਗਰਾਨ ਅਮਲੇ ਨੂੰ ਸਖ਼ਤ ਹਦਾਇਤ ਕੀਤੀ ਜਾਵੇ ਕਿ ਵਿਦਿਆਰਥੀਆਂ ਵੱਲੋਂ ਓ.ਐੱਮ.ਆਰ. ਸ਼ੀਟ ਤੇ ਵੇਰਵੇ ਤੇ ਰੋਲ ਨੰਬਰ ਅਨੁਸਾਰ ਸਹੀ ਗੋਲੇ ਭਰੇ ਜਾਣ ਤਾਂ ਜੋ ਓ.ਐੱਮ.ਆਰ. ਸੀਟਾਂ ਦੀ ਸਕੈਨਿੰਗ ਸਮੇਂ ਕੋਈ ਦਿੱਕਤ ਪੇਸ਼ ਨਾ ਆਏ।
10. ਉੱਤਰ ਸੀਟਾਂ ਦੇ ਸੀਲਬੰਦ ਕੀਤੇ ਲਿਫਾਫਿਆਂ ਉੱਤੇ ਹੇਠ ਲਿਖੀ ਸੂਚਨਾ ਜਰੂਰ ਲਿਖੀ ਜਾਵੇ :

    I. ਜ਼ਿਲ੍ਹੇ ਦਾ ਨਾਂ
    ii. ਤਹਿਸੀਲ ਦਾ ਨਾਂ .
    iii. ਪ੍ਰੀਖਿਆ ਦਾ ਨਾਂ
    iv. ਪ੍ਰੀਖਿਆ ਕੇਂਦਰ ਦਾ ਨਾਂ
    v. ਕੁੱਲ ਵਿਦਿਆਰਥੀਆਂ ਦੀ ਗਿਣਤੀ.............................................................
    vi. ਹਾਜ਼ਰ ਵਿਦਿਆਰਥੀਆਂ ਦੀ ਗਿਣਤੀ. .................................

viii. ਵਿਕਲਾਂਗ ਵਿਦਿਆਰਥੀਆਂ ਦੀ ਗਿਣਤੀ.....................................................

ix. ਓ.ਬੀ.ਸੀ.ਦੇ ਵਿਦਿਆਰਥੀਆਂ ਦੀ ਗਿਣਤੀ.................................................

x. EWS (Economically Weeker Section) ਦੇ ਵਿਦਿਆਰਥੀਆਂ ਦੀ ਗਿਣਤੀ ...............

xi. ਜਨਰਲ ਕੈਟਾਗਰੀ ਦੇ ਵਿਦਿਆਰਥੀਆਂ ਦੀ ਗਿਣਤੀ.............................................

11. ਵਿਦਿਆਰਥੀਆਂ ਦੀਆਂ ਹਾਜ਼ਰੀ ਲਿਸਟਾਂ ਤਹਿਸੀਲ/ ਕੇਂਦਰ ਵਾਈਜ਼ ਦੋਹਰੇ ਤੌਰ ਤੇ ਲਿਫਾਫੇ ਵਿੱਚ ਪਾ ਕੇ ਭੇਜੀਆਂ ਜਾਣ।

12. Annex3.(i)ਤੋਂ 3.(vi)ਤੱਕ ਇੱਕ ਪੈਕੇਟ ਵਿੱਚ ਪਾ ਕੇ ਭੇਜੇ ਜਾਣ।

13. ਵਿਦਿਆਰਥੀਆਂ ਨੇ ਆਪਣਾ ਰੋਲ ਨੰਬਰ ਉੱਤਰ ਸੀਟ ਤੇ ਕਿਵੇਂ ਲਿਖਣਾ ਹੈ, ਇਸ ਬਾਰੇ ਉਨ੍ਹਾਂ ਨੂੰ ਕੇਂਦਰ ਸੁਪਰਡੈਂਟ /ਨਿਗਰਾਨ ਵੱਲੋਂ ਜਰੂਰ ਦੱਸਿਆ ਜਾਵੇ।

14. ਪ੍ਰਸ਼ਨ ਪੱਤਰ ਵਿੱਚ ਦੋ ਤਰਾਂ ਦੇ ਪ੍ਰਸ਼ਨ ਹੋਣਗੇ (1) ਮਾਨਸਿਕ ਯੋਗਤਾ (2) ਵਿਸਿਆਂ ਦੀ ਯੋਗਤਾ

15. NMMS/PSTSE ਪ੍ਰੀਖਿਆਵਾਂ ਦਾ ਸਮਾਂ ਸਵੇਰੇ 10:00 ਵਜੇ ਤੋਂ ਦੁਪਹਿਰ 1:00 ਵਜੇ ਤੱਕ (3 ਘੰਟੇ) ਦਾ ਹੋਵੇਗਾ।ਸਾਰੀਆਂ ਪ੍ਰੀਖਿਆਵਾਂ ਵਿੱਚ Physically Handcapped ਪ੍ਰੀਖਿਆਰਥੀਆਂ ਨੂੰ ਅੱਧੇ ਘੰਟੇ ਦਾ ਵਾਧੂ ਸਮਾਂ ਦਿੱਤਾ ਜਾਵੇਗਾ।

16. ਜੇ ਕਿਸੇ ਪ੍ਰਸਨ ਨੂੰ ਇੱਕ ਵਾਰ ਤੋਂ ਵੱਧ ਹੱਲ ਕਰਕੇ ਉੱਤਰ ਦਿੱਤਾ ਗਿਆ ਹੈ, ਉਸ ਪ੍ਰਸਨ ਦਾ ਕੋਈ ਵੀ ਅੰਕ ਨਹੀਂ ਮਿਲੇਗਾ। ਇਸ ਪ੍ਰੀਖਿਆ ਵਿੱਚ ਕੋਈ ਰਿਣਾਤਮਿਕ (ਨੈਗਟਿਵ) ਮਾਰਕਿੰਗ ਨਹੀਂ ਹੈ।

17. ਉੱਤਰ ਨੂੰ ਗੋਲ ਚੱਕਰ ਵਿੱਚ ਭਰਨ ਲਈ ਸੁਰਮੇ ਵਾਲੀ ਪੈਨਸਿਲ ਦਾ ਪ੍ਰਯੋਗ ਨਾ ਕੀਤਾ ਜਾਵੇ। ਕੇਵਲ ਬਾਲ ਪੁਆਇੰਟ ਪੈਨ ਨਾਲ ਹੀ ਗੋਲ ਚੱਕਰ ਭਰਿਆ ਜਾਵੇ।ਵਾਈਟ ਫਲਿਊਡ ਵਰਤਣ ਦੀ ਪੂਰਨ ਪਾਬੰਦੀ ਹੈ।

18. ਵਿਦਿਆਰਥੀਆਂ ਲਈ ਉੱਤਰ ਸੀਟਾਂ ਤੇ ਨੰਬਰ ਲੱਗੇ ਹੋਏ ਹਨ। ਕੇਂਦਰ ਸੁਪਰਡੈਂਟ ਵੱਲੋਂ ਨਿਗਰਾਨ ਅਮਲੇ ਨੂੰ ਹਦਾਇਤ ਕੀਤੀ ਜਾਵੇ ਕਿ ਉੱਤਰ ਸੀਟਾਂ ਉੱਤੇ ਲੱਗੇ ਹੋਏ ਨੰਬਰਾਂ ਨੂੰ ਵਿਦਿਆਰਥੀ ਦੀ ਹਸਤਾਖਰ ਸੀਟ ਉੱਤੇ ਉਸ ਦੇ ਰੋਲ ਨੰਬਰ ਦੇ ਸਾਹਮਣੇ ਵਿਦਿਆਰਥੀ ਤੋਂ ਜਰੂਰ ਲਿਖਵਾਉਣ ਅਤੇ ਆਪ ਇਨ੍ਹਾਂ ਨੰਬਰਾਂ ਨੂੰ ਜਰੂਰ ਚੈਕ ਕਰਨ।

19. ਉੱਤਰ ਸੀਟ ਤੇ ਵਿਦਿਆਰਥੀ ਦੁਆਰਾ ਲਿਖੇ ਸਾਰੇ ਇੰਦਰਾਜ ਜਿਵੇਂ ਰੋਲ ਨੰਬਰ ਆਦਿ ਵਿਦਿਆਰਥੀ ਨੇ ਠੀਕ ਭਰੇ ਹਨ, ਬਾਰੇ ਕੇਂਦਰ ਸੁਪਰਡੈਂਟ ਚੰਗੀ ਤਰ੍ਹਾਂ ਚੈੱਕ ਕਰਵਾ ਲਵੇ।

20. ਵਿਦਿਆਰਥੀਆਂ ਦੇ admit cards ਉੱਤੇ ਉਹਨਾਂ ਦੇ ਹਸਤਾਖਰ ਅਤੇ ਸਬੰਧਤ ਸਕੂਲ ਦੇ ਮੁੱਖੀ ਵੱਲੋਂ ਤਸਦੀਕ ਸੁਦਾ ਫੋਟੋ ਚੰਗੀ ਤਰ੍ਹਾਂ ਚੈਕ ਕਰ ਲਏ ਜਾਣ ਅਤੇ ਪ੍ਰੀਖਿਆ ਸਮਾਪਤੀ ਉਪਰੰਤ ਵਿਦਿਆਰਥੀਆਂ ਨੂੰ ਹੀ ਦਿੱਤੇ ਜਾਣ।

ਸੁਪਰਡੈਂਟ(ਪ੍ਰੀਖਿਆ)
ਐਸ.ਸੀ.ਈ.ਆਰ.ਟੀ, ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ

## ਸਾਲ 2024-25 ਲਈ ਨਿਗਰਾਨ ਅਮਲੇ ਦੀ ਨਿਯੁਕਤੀ ਬਾਰੇ ਹਦਾਇਤਾਂ

| | |
|---|---|
| 1 ਕੇਂਦਰ ਕੰਟਰੋਲਰ | ਸਕੂਲ ਪ੍ਰਿੰਸੀਪਲ |
| 2 ਕੇਂਦਰ ਸੁਪਰਡੈਂਟ | ਲੈਕਚਰਾਰ ਕਾਡਰ ਵਿੱਚੋਂ |
| 3 ਡਿਪਟੀ ਸੁਪਰਡੈਂਟ | ਉਕਤ |
| 4 ਸਹਾਇਕ ਸੁਪਰਡੈਂਟ | ਸਬੰਧਤ ਸਕੂਲ ਦਾ ਕਲਰਕ |
| 5 ਨਿਗਰਾਨ | ਮਾਸਟਰ/ਮਿਸਟ੍ਰੈਸ ਕਾਡਰ ਵਿੱਚੋਂ |
| 6 ਚੌਕੀਦਾਰ<br>7 ਸਫਾਈ ਸੇਵਕ<br>8 ਪਾਣੀ ਪਿਲਾਉਣ ਵਾਲਾ<br>9 ਦਫ਼ਤਰੀ | ਪ੍ਰੀਖਿਆ ਕੇਂਦਰ ਵਾਲੇ ਸਕੂਲ ਵਿੱਚ ਨਿਯੁੱਕਤ/ਕਿਸੇ ਹੋਰ ਸਕੂਲ ਵਿੱਚ ਨਿਯੁੱਕਤ ਕਰਮਚਾਰੀ |

ਸੁਪਰਡੈਂਟ(ਪ੍ਰੀਖਿਆ)
ਐਸ.ਸੀ.ਈ.ਆਰ.ਟੀ, ਪੰਜਾਬ।

## ਸਾਲ 2024-25 ਸਬੰਧੀ ਨਿਗਰਾਨ ਅਮਲੇ ਦੀਆਂ ਡਿਊਟੀਆਂ ਬਾਰੇ ਹਦਾਇਤਾਂ

1. ਪ੍ਰੀਖਿਆ ਕੇਂਦਰ ਸੁਪਰਡੈਂਟ:-( ਲੈਕਚਰਾਰ ਕਾਡਰ ਵਿੱਚ)

ੳ) ਉਹ ਇਸ ਪ੍ਰੀਖਿਆ ਕੇਂਦਰ ਦੇ ਸਮੁੱਚੇ ਪ੍ਰਬੰਧ ਦੀ ਜਿੰਮੇਵਾਰੀ ਨਿਭਾਵੇਗਾ, ਉਹ ਦਫਤਰ ਵਲੋਂ ਭੇਜੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰੇਗਾ।

ਅ) ਨਿਗਰਾਨ ਅਮਲੇ ਵਿੱਚੋਂ ਜੇਕਰ ਕੋਈ ਨਿਗਰਾਨ ਆਪਣੀ ਡਿਊਟੀ ਠੀਕ ਢੰਗ ਨਾਲ ਨਹੀਂ ਨਿਭਾਉਂਦਾ ਤਾਂ ਕੇਂਦਰ ਸੁਪਰਡੈਂਟ ਉਸ ਨੂੰ ਉਸ ਦੀਆਂ ਸੇਵਾਵਾਂ ਤੋਂ ਮੁਕਤ ਕਰ ਸਕਦਾ ਹੈ।

ੲ) ਕੇਂਦਰ ਸੁਪਰਡੈਂਟ ਪ੍ਰੀਖਿਆ ਵਿੱਚ ਬੈਠੇ ਉਸ ਵਿਦਿਆਰਥੀ ਦਾ ਪ੍ਰਸ਼ਨ ਪੱਤਰ ਰੱਦ ਕਰ ਸਕਦਾ ਹੈ, ਜੋ ਪ੍ਰੀਖਿਆ ਦੌਰਾਨ ਅਨੁਚਿਤ ਸਾਧਨਾਂ ਦੀ ਵਰਤੋਂ ਕਰ ਰਿਹਾ ਹੋਵੇ।

ਸ) ਕੇਂਦਰ ਸੁਪਰਡੈਂਟ ਹਰ ਇੱਕ ਨਿਗਰਾਨ ਤੋਂ ਇਹ ਸਰਟੀਫਿਕੇਟ ਲਵੇਗਾ ਕਿ ਸੈਂਟਰ ਵਿੱਚ ਉਸਦਾ ਕੋਈ ਨਜਦੀਕੀ ਰਿਸ਼ਤੇਦਾਰ ਇਹ ਪ੍ਰੀਖਿਆ ਨਹੀਂ ਦੇ ਰਿਹਾ।

2. ਡਿਪਟੀ ਸੁਪਰਡੈਂਟ:-( ਲੈਕਚਰਾਰ ਕਾਡਰ ਵਿੱਚ)

ਡਿਪਟੀ ਸੁਪਰਡੈਂਟ ਪ੍ਰੀਖਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕੇਂਦਰ ਸੁਪਰਡੈਂਟ ਦੀ ਸਹਾਇਤਾ ਕਰੇਗਾ। ਉਹ ਇਸ ਗੱਲ ਦਾ ਵੀ ਧਿਆਨ ਰੱਖੇ ਕਿ ਕੋਈ ਬਾਹਰਲਾ ਵਿਅਕਤੀ ਪ੍ਰੀਖਿਆ ਕੇਂਦਰ ਵਿੱਚ ਦਖਲ ਅੰਦਾਜੀ ਨਾ ਕਰੇ, ਉਹ ਇਹ ਵੀ ਵੇਖੇਗਾ ਕਿ ਕੋਈ ਵਿਦਿਆਰਥੀ ਪ੍ਰੀਖਿਆ ਦੌਰਾਨ ਅਨੁਚਿਤ ਸਾਧਨ ਨਾ ਵਰਤੇ।

3. ਸਹਾਇਕ ਸੁਪਰਡੈਂਟ:-(ਸਬੰਧਤ ਸਕੂਲ ਕਲਰਕ)

ਸਹਾਇਕ ਸੁਪਰਡੈਂਟ ਪ੍ਰਸ਼ਨ ਪੱਤਰਾਂ, ਉੱਤਰ ਸੀਟਾਂ ਅਤੇ ਪ੍ਰੀਖਿਆ ਦੌਰਾਨ ਹੋਰ ਵਰਤੀ ਜਾਣ ਵਾਲੀ ਸਮੱਗਰੀ ਆਦਿ ਦਾ ਹਿਸਾਬ ਰੱਖੇਗਾ ਅਤੇ ਪ੍ਰੀਖਿਆ ਦੇ ਪ੍ਰਬੰਧ ਵਿੱਚ ਕੇਂਦਰ ਸੁਪਰਡੈਂਟ ਦੀ ਸਹਾਇਤਾ ਕਰੇਗਾ। ਪ੍ਰੀਖਿਆ ਦੌਰਾਨ ਕੀਤੇ ਖਰਚੇ ਦਾ ਬਿਲ ਤਿਆਰ ਕਰੇਗਾ ।

4. ਨਿਗਰਾਨ ਅਮਲਾ: ਰੈਗੂਲਰ ਮਾਸਟਰ / ਮਿਸਟ੍ਰੈਸ ਕਾਡਰ )

ਪ੍ਰੀਖਿਆ ਵਿੱਚ ਬੈਠੇ ਵਿਦਿਆਰਥੀਆਂ ਦੀ ਨਿਗਰਾਨੀ ਕਰੇਗਾ ਅਤੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖੇਗਾ ਕਿ ਕੋਈ ਵੀ ਵਿਦਿਆਰਥੀ ਪ੍ਰੀਖਿਆ ਦੌਰਾਨ ਅਨੁਚਿਤ ਸਾਧਨ ਨਾ ਵਰਤੇ ਜੇਕਰ ਕੋਈ ਵੀ ਅਨੁਚਿਤ ਸਾਧਨ ਦਾ ਕੇਸ ਧਿਆਨ ਵਿੱਚ ਆਵੇ ਤਾਂ ਤੁਰੰਤ ਉਸ ਬਾਰੇ ਕੇਂਦਰ ਸੁਪਰਡੈਂਟ ਦੇ ਧਿਆਨ ਵਿੱਚ ਲਿਆਵੇ। ਉਹ ਉੱਤਰ ਸੀਟਾਂ ਉੱਤੇ ਲੱਗੇ ਹੋਏ ਨੰਬਰਾਂ ਨੂੰ ਵਿਦਿਆਰਥੀ ਦੀ ਹਸਤਾਖਰ ਸੀਟ ਉੱਤੇ ਉਸ ਦੇ ਰੋਲ ਨੰਬਰ ਅਤੇ ਹਸਤਾਖਰ ਦੇ ਸਾਹਮਣੇ ਵਿਦਿਆਰਥੀ ਤੋਂ ਜਰੂਰ ਲਿਖਵਾਵੇ ਅਤੇ ਉਨ੍ਹਾਂ ਨੰਬਰਾਂ ਨੂੰ ਜਰੂਰ ਚੈਕ ਕਰੇ। ਉਹ ਉੱਤਰ ਸੀਟਾਂ ਤੇ ਵਿਦਿਆਰਥੀ ਦੁਆਰਾ ਲਿਖੇ ਸਾਰੇ ਇੰਦਰਾਜ ਜਿਵੇਂ ਰੋਲ ਨੰਬਰ ,ਨਾਂ,ਹਸਤਾਖਰ ਆਦਿ ਹਰ ਵਿਦਿਆਰਥੀ ਨੇ ਠੀਕ ਭਰੇ ਹਨ ਆਦਿ ਬਾਰੇ ਚੰਗੀ ਤਰ੍ਹਾਂ ਚੈੱਕ ਕਰ ਲਵੇ। ਵਿਦਿਆਰਥੀਆਂ ਦੀਆਂ ਰੋਲ ਨੰਬਰ ਸਲਿੱਪਾਂ, ਉਹਨਾਂ ਦੇ ਹਸਤਾਖਰ ਅਤੇ ਸਬੰਧਤ ਸਕੂਲ ਦੇ ਮੁੱਖੀ ਵੱਲੋਂ ਤਸਦੀਕਸ਼ੁਦਾ ਕੀਤੀ ਫੋਟੋ ਚੰਗੀ ਤਰ੍ਹਾਂ ਚੈੱਕ ਕਰ ਲਏ ਜਾਣ।

ਸੁਪਰਡੈਂਟ(ਪ੍ਰੀਖਿਆ)
ਐਸ.ਸੀ.ਈ.ਆਰ.ਟੀ, ਪੰਜਾਬ।

## ਦਫ਼ਤਰ ਐੱਸ.ਸੀ.ਈ.ਆਰ.ਟੀ.ਨੂੰ ਭੇਜਣ ਵਾਲੀ ਸਮਗਰੀ

ਦਫ਼ਤਰ ਐੱਸ.ਸੀ.ਈ.ਆਰ.ਟੀ ਨੂੰ ਪ੍ਰੀਖਿਆ ਦੀ ਸਮਾਪਤੀ ਤੇ ਬਾਅਦ ਹੇਠ ਲਿਖੀ ਸਮਗਰੀ ਭੇਜੀ ਜਾਵੇ :

1. ਉੱਤਰ ਪਤਰੀਆ ਦੇ ਸੀਲਬੰਦ ਮੋਹਰਬੰਦ ਕੀਤੇ ਲਿਫਾਫੇ।
2. ਵਿਦਿਆਰਥੀਆਂ ਦੀਆਂ ਹਾਜ਼ਰੀ ਸੂਚੀਆਂ।
3. Annex i ਤੋਂ vi ਇੱਕ ਲਿਫਾਫੇ ਵਿੱਚ ਭੇਜੇ ਜਾਣ :
   i. Annex 3 (i) :ਸਿਟਿੰਗ ਪਲਾਨਜ।
   ii. Annex 3 (ii):. ਪ੍ਰੀਖਿਆ ਕੇਂਦਰ ਵਿੱਚ ਹਾਜਰ ਅਤੇ ਗੈਰਹਾਜਰ ਵਿਦਿਆਰਥੀਆਂ ਦਾ ਵੇਰਵਾ।
   iii. Annex 3 (iii) :ਪ੍ਰਸਨਪੱਤਰ ਅਤੇ ਉਤਰ ਕਾਪੀਆਂ ਦੀ ਪ੍ਰਾਪਤੀ ਅਤੇ ਵਰਤੋਂ ਸਬੰਧੀ ਵੇਰਵਾ।
   iv. Annex 3 (iv)ਰਿਸ਼ਤੇਦਾਰ ਦਾ ਪ੍ਰੀਖਿਆ ਨਾ ਦੇਣ ਸਬੰਧੀ ਸਰਟੀਫਿਕੇਟ।
   v. Annex 3 (v)ਪ੍ਰੀਖਿਆ ਵਿੱਚ ਹਾਜਰ ਵਿਦਿਆਰਥੀਆ ਦਾ ਕੈਟਾਗਰੀ ਵਾਈਜ਼ ਵੇਰਵਾ।
   vi. Annex3 (vi)ਪ੍ਰਸਨ ਪੱਤਰ ਖੋਲ੍ਹਣ ਸਬੰਧੀ ਸਰਟੀਫਿਕੇਟ।

ਨੋਟ: ਪ੍ਰੀਖਿਆ ਕੇਂਦਰਾਂ ਦੇ ਬਿੱਲ (Annex 4(a), 4(b)) ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵਿਖੇ ਜਿਲ੍ਹਾ ਨੋਡਲ ਅਫ਼ਸਰ (NMMS ਅਤੇ PSTSE) ਨੂੰ ਜਮਾਂ ਕਰਵਾਏ ਜਾਣ। ਇਨ੍ਹਾਂ ਬਿਲਾਂ ਦਾ ਭੁਗਤਾਨ ਸੰਬੰਧਿਤ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.) ਵੱਲੋਂ ਕੀਤਾ ਜਾਵੇਗਾ ਅਤੇ ਇਨ੍ਹਾਂ ਬਿਲਾਂ ਦੇ ਭੁਗਤਾਨ ਸੰਬੰਧੀ ਬਜਟ ਸੰਬੰਧਿਤ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨੂੰ ਹੈਡਆਫਿਸ ਵਲੋ ਭੇਜ ਦਿੱਤਾ ਜਾਵੇਗਾ।

ਸੁਪਰਡੈਂਟ(ਪ੍ਰੀਖਿਆ)
ਐਸ.ਸੀ.ਈ.ਆਰ.ਟੀ, ਪੰਜਾਬ।

Annex 3 (I)

# ਸੀਟਿੰਗ ਪਲਾਨ

ਸਾਲ 2024-25

ਪ੍ਰੀਖਿਆ ਦਾ ਨਾਮ.............................................. ਜਮਾਤ ..................................

ਪ੍ਰੀਖਿਆ ਕੇਂਦਰ ਦਾ ਨਾਮ ਅਤੇ ਜ਼ਿਲ੍ਹਾ ......................................

ਬੈਠਣ ਦੀ ਯੋਜਨਾ ( ਸੀਟਿੰਗ ਪਲਾਨ) ਕਮਰਾ ਨੰ:................

| ਪਹਿਲੀ ਲਾਈਨ | ਦੂਜੀ ਲਾਈਨ | ਤੀਜੀ ਲਾਈਨ | ਚੌਥੀ ਲਾਈਨ | ਪੰਜਵੀਂ ਲਾਈਨ |
|---|---|---|---|---|

ਦਸਤਖਤ ਕੇਂਦਰ ਸੁਪਰਡੈਂਟ ................................

ਕੇਂਦਰ ਸੁਪਰਡੈਂਟ ਦਾ ਨਾਮ ਅਤੇ ਮੋਬਾਇਲ ਨੰਬਰ.............................

## ਕੇਂਦਰ ਵਿੱਚ ਹਾਜ਼ਰ ਅਤੇ ਗੈਰ-ਹਾਜ਼ਰ ਵਿਦਿਆਰਥੀਆਂ ਦਾ ਵੇਰਵਾ

ਸਾਲ 2024-25

ਪ੍ਰੀਖਿਆ ਦਾ ਨਾਮ.................................. ਜਮਾਤ ..................................

ਪ੍ਰੀਖਿਆ ਕੇਂਦਰ ਦਾ ਨਾਮ.......................... ਜਿਲ੍ਹਾ .............

1.ਪ੍ਰੀਖਿਆ ਕੇਂਦਰ ਵਿੱਚ ਹਾਜ਼ਰ ਵਿਦਿਆਰਥੀਆਂ ਦੇ ਰੋਲ ਨੰਬਰ ਦਾ ਵੇਰਵਾ.........................................................................

.........................................................................................................................................

.........................................................................................................................................

.........................................................................................................................................

.........................................................................................................................................

.........................................................................................................................................

.........................................

2.ਪ੍ਰੀਖਿਆ ਕੇਂਦਰ ਵਿੱਚ ਗੈਰ ਹਾਜ਼ਰ ਵਿਦਿਆਰਥੀਆਂ ਦੇ ਰੋਲ ਨੰਬਰਾਂ ਦਾ ਵੇਰਵਾ.............

.........................................................................................................................................

.........................................................................................................................................

.........................................................................................................................................

.........................................................................................................................................

.........................................................................................................................................

.........................................

ਦਸਤਖਤ ਕੇਂਦਰ ਸੁਪਰਡੈਂਟ

ਕੇਂਦਰ ਸੁਪਰਡੈਂਟ ਦਾ ਨਾਮ ਅਤੇ ਮੋਬਾਇਲ ਨੰਬਰ..........

Annex 3 (III)

## ਪ੍ਰਸ਼ਨ ਪੱਤਰ ਅਤੇ ਉੱਤਰ ਕਾਪੀਆਂ ਦੀ ਪ੍ਰਾਪਤੀ ਅਤੇ ਵਰਤੋਂ ਸਬੰਧੀ ਵੇਰਵਾ

ਸਾਲ 2024-25

ਪ੍ਰੀਖਿਆ ਦਾ ਨਾਮ.................................. ਮਿਤੀ..........

| | ਪ੍ਰਸ਼ਨ ਪੱਤਰ | |
|---|---|---|
| ੧ | ਕੁੱਲ ਪ੍ਰਸ਼ਨ ਪੱਤਰਾਂ ਦੀ ਗਿਣਤੀ | |
| ੨ | ਕੁੱਲ ਵਰਤੇ ਗਏ ਪ੍ਰਸ਼ਨ ਪੱਤਰਾਂ ਦੀ ਗਿਣਤੀ | |
| ੩ | ਬਕਾਇਆ ਪ੍ਰਸ਼ਨ ਪੱਤਰ | |
| | ਉੱਤਰ ਸ਼ੀਟਾਂ | |
| ੪ | ਕੁੱਲ ਉੱਤਰ ਸ਼ੀਟਾਂ ਦੀ ਗਿਣਤੀ | |
| ੫ | ਕੁੱਲ ਵਰਤੀਆਂ ਗਈਆਂ ਉੱਤਰ ਸ਼ੀਟਾਂ ਦੀ ਗਿਣਤੀ | |
| ੬ | ਬਕਾਇਆ ਉੱਤਰ ਸ਼ੀਟਾਂ | |

ਦਸਤਖਤ ਕੇਂਦਰ ਸੁਪਰਡੈਂਟ

ਕੇਂਦਰ ਸੁਪਰਡੈਂਟ ਦਾ ਨਾਮ ਅਤੇ ਮੋਬਾਇਲ ਨੰਬਰ..............................

ਪ੍ਰੀਖਿਆ ਕੇਂਦਰ ਦਾ ਨਾਮ :..........................................................

Annex 3 (iv)

# ਰਿਸ਼ਤੇਦਾਰ ਦਾ ਪ੍ਰੀਖਿਆ ਨਾ ਦੇਣ ਸਬੰਧੀ ਸਰਟੀਫਿਕੇਟ

ਸਾਲ 2024-25

ਮੁਲਾ ਦਾ ਨਾਮ.................................. ਜਮਾਤ ..................................

ਤਸਦੀਕ ਕੀਤਾ ਜਾਂਦਾ ਹੈ ਕਿ ਸਾਲ 2024-25 ਵਿੱਚ ਪ੍ਰੀਖਿਆ ਕੇਂਦਰ..........................................................

ਜਮਾਤ........................ ਵਿੱਚ ਮੇਰਾ ਕੋਈ ਰਿਸਤੇਦਾਰ ਪ੍ਰੀਖਿਆ ਨਹੀਂ ਦੇ ਰਿਹਾ ਹੈ।

ਦਸਤਖਤ ਨਿਗਰਾਨ/ਡਿਪਟੀ ਸੁਪਰਡੈਂਟ

ਪ੍ਰਤੀ ਹਸਤਾਖਰ ਸੁਪਰਡੈਂਟ

Annex 3 (v)

## ਪ੍ਰੀਖਿਆ ਵਿਚ ਹਾਜ਼ਰ ਵਿਦਿਆਰਥੀਆਂ ਦਾ ਕੈਟਾਗਰੀ ਵਾਈਜ਼ ਵੇਰਵਾ

ਸਾਲ 2024-25

ਪ੍ਰੀਖਿਆ ਦਾ ਨਾਮ.................................... ਮਿਤੀ ....................................

ਪ੍ਰੀਖਿਆ ਕੇਂਦਰ ਦਾ ਨਾਂ ..........................................................................

1. ਪ੍ਰੀਖਿਆ ਵਿੱਚ ਬੈਠੇ ਕੁੱਲ ਉਮੀਦਵਾਰਾਂ ਦੀ ਗਿਣਤੀ

| ਲੜੀ ਨੰ: | ਜਨਰਲ | ਓ.ਬੀ.ਸੀ. | EWS (Economically Weeker Section) | ਐਸ.ਸੀ. | ਅੰਗਹੀਣ | ਕੁੱਲ ਜੋੜ |
|---|---|---|---|---|---|---|
| ਲੜਕੇ | | | | | | |
| ਲੜਕੀਆਂ | | | | | | |
| ਕੁੱਲ | | | | | | |

ਕੇਂਦਰ ਸੁਪਰਡੈਂਟ ਦੇ ਦਸਤਖਤ..........................................................................

ਕੇਂਦਰ ਸੁਪਰਡੈਂਟ ਦਾ ਨਾਮ..................................

ਫੋਨ ਨੰਬਰ:....................................................

Annex3 (vi)

## ਪ੍ਰਸ਼ਨ ਪੱਤਰ ਖੋਲ੍ਹਣ ਸਬੰਧੀ ਸਰਟੀਫਿਕੇਟ

<u>ਸਾਲ 2024-25</u>

ਤਸਦੀਕ ਕੀਤਾ ਜਾਂਦਾ ਹੈ ਕਿ ਪ੍ਰੀਖਿਆਵਾਂ(NMMS/PSTSE-ਜਮਾਤ ਲਈ) ਸਾਲ ..................... ਦੇ ਪ੍ਰਸ਼ਨ ਪੱਤਰਾਂ ਦਾ ਬੰਡਲ ਸਾਡੀ ਹਾਜਰੀ ਵਿੱਚ ਖੋਲ੍ਹਿਆ ਗਿਆ। ਪ੍ਰਸ਼ਨ ਪੱਤਰਾਂ ਦੇ ਬੰਡਲ ਦੀਆਂ ਸੀਲਾਂ ਚੰਗੀ ਤਰ੍ਹਾਂ ਚੈਕ ਕਰ ਲਈਆਂ ਹਨ ਅਤੇ ਠੀਕ ਹਨ।

ਪ੍ਰੀਖਿਆ ਕੇਂਦਰ ਦਾ ਨਾਂ....................................

ਜਿਲ੍ਹਾ......................................................

1. ਨਿਗਰਾਨ..........................................

2. ਸਹਾਇਕ ਸੁਪਰਡੈਂਟ .......................

3. ਡਿਪਟੀ ਸੁਪਰਡੈਂਟ .............................

ਕੇਂਦਰ ਸੁਪਰਡੈਂਟ..................................

ਜਿਲ੍ਹਾ ਸਿੱਖਿਆ ਅਫਸਰ.............................

Annex 4 (a)

<u>ਸਾਲ 2024-25</u>

ਪ੍ਰੀਖਿਆ ਦਾ ਨਾਮ.................................... ਜਮਾਤ ....................................

ਪ੍ਰੀਖਿਆ ਦੌਰਾਨ ਕੰਮ ਕਰਨ ਵਾਲੇ ਕਰਮਚਾਰੀਆਂ/ਅਧਿਕਾਰੀਆਂ ਦੇ ਭੁਗਤਾਨ ਦਾ ਵੇਰਵਾ:

| | | | |
|---|---|---|---|
| 1 | ਕੇਂਦਰ ਕੰਟਰੋਲਰ | ਸਕੂਲ ਪ੍ਰਿੰਸੀਪਲ | 500.00 |
| 2 | ਸੈਂਟਰ ਸੁਪਰਡੈਂਟ . | ਸਬੰਧਤ ਸਕੂਲ ਦੇ ਲੈਕਚਰਾਰ/ਜਾਂ ਹੋਰ ਕੋਈ ਨਿਯੁਕਤ ਕੀਤਾ ਅਧਿਕਾਰੀ | 450.00 |
| 3 | ਡਿਪਟੀ ਸੁਪਰਡੈਂਟ | ਲੈਕਚਰਾਰ (350 ਵਿਦਿਆਰਥੀਆਂ ਲਈ ਇੱਕ ਡਿਪਟੀ ਸੁਪਰਡੰਟ ਨਿਯੁਕਤ ਕੀਤਾ ਜਾ ਸਕਦਾ ਹੈ) | 300.00 |
| 4 | ਨਿਗਰਾਨ | ਮਾਸਟਰ/ਮਿਸਟ੍ਰੇਸ (35-40 ਵਿਦਿਆਰਥੀਆਂ ਲਈ ਇੱਕ ਨਿਗਰਾਨ ਨਿਯੁਕਤ ਕੀਤਾ ਜਾ ਸਕਦਾ ਹੈ) | 250.00 |
| 5 | ਸਹਾਇਕ ਸੁਪਰਡੈਂਟ | ਸਬੰਧਤ ਸਕੂਲ ਦਾ ਕਲਰਕ | 250.00 |
| 6 | ਪ੍ਰੀਖਿਆ ਦੌਰਾਨ ਦਸਤਾਵੇਜ ਦੀ ਤਿਆਰੀ ਲਈ ਕੇਂਦਰ ਖਰਚਾ | (ਸਟੇਸ਼ਨਰੀ ਆਦਿ ਦੇ ਬਿਲ ਨਾਲ ਜਰੂਰ ਨੱਥੀ ਕੀਤੇ ਜਾਣ) ਰੁਪਏ 500 ਜਾਂ ਰੁਪਏ 500 ਤੋਂ ਵੱਧ ਦੀ ਸਟੇਸ਼ਨਰੀ ਖਰੀਦਣ ਲਈ ਕੁਟੇਸ਼ਨਾ ਲਈਆਂ ਜਾਣ। | 500.00 |
| 7 | ਚੌਕੀਦਾਰ | ਸਬੰਧਤ ਸਕੂਲ ਦਾ ਦਰਜਾ ਚਾਰ ਕਰਮਚਾਰੀ | 100.00 |
| 8 | ਪਾਣੀ ਪਿਲਾਉਣ ਵਾਲਾ | ਸਬੰਧਤ ਸਕੂਲ ਦਾ ਦਰਜਾ ਚਾਰ ਕਰਮਚਾਰੀ | 100.00 |
| 9 | ਸਫਾਈ ਸੇਵਕ | ਸਬੰਧਤ ਸਕੂਲ ਦਾ ਦਰਜਾ ਚਾਰ ਕਰਮਚਾਰੀ | 100.00 |
| 10 | ਦਫਤਰੀ | ਸਬੰਧਤ ਸਕੂਲ ਦਾ ਦਰਜਾ ਚਾਰ ਕਰਮਚਾਰੀ | 100.00 |

ਸੁਪਰਡੈਂਟ(ਪ੍ਰੀਖਿਆ)
ਐਸ.ਸੀ.ਈ.ਆਰ.ਟੀ, ਪੰਜਾਬ।

Annex 4 (b)

# ਭੁਗਤਾਨ ਸਬੰਧੀ ਰਸੀਦਾਂ

ਸਾਲ 2024-25

ਪ੍ਰੀਖਿਆ ਦਾ ਨਾਮ.................................... ਜਮਾਤ ....................................

| ਲੜੀ | ਨਾਮ | ਅਹੁਦਾ ਅਤੇ ਪਤਾ | ਦਿੱਤੀ ਗਈ ਡਿਊਟੀ ਦਾ ਵੇਰਵਾ | ਭੁਗਤਾਨ ਕੀਤੀ ਰਕਮ | ਦਸਤਖਤ |
|---|---|---|---|---|---|
| | | | | | |

ਕੁੱਲ ਜੋੜ:....................................

ਸਬਦਾਂ ਵਿੱਚ ਰਕਮ

ਦਸਤਖਤ ਕੇਂਦਰ ਸੁਪਰਡੈਂਟ:....................................

ਦਸਤਖਤ ਜਿਲ੍ਹਾ ਸਿੱਖਿਆ ਅਫਸਰ............................ ਪ੍ਰੀਖਿਆ ਕੇਂਦਰ ਦਾ ਨਾਮ...........................